ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਰਾਕੇਸ਼ ਕੁਮਾਰ ਚੋਧਰੀ, ਵਾਸੀ 51 ਬੀ/ਡੀ ਗਾਂਧੀ ਨਗਰ, ਜਿਲਾ ਜੰਮੂ ਵੱਲੋ ਪਿੰਡ ਮੇਹੋਨ, ਤਹਿਸੀਲ ਨੰਗਲ, ਜਿਲਾ ਰੂਪਨਗਰ ਦੀ ਰੇਵੀਨਿਯੂ ਐਸਟੇਟ ਵਿੱਚੋ ਮਾਇਨਿੰਗ ਕਰਨ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 10.09.2021 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਸੰਜੀਵ ਸ਼ਰਮਾ,
   ਵਧੀਕ ਡਿਪਟੀ ਕਮਿਸ਼ਨਰ (ਯੂ),
   ਰੂਪਨਗਰ

2. ਇੰਜ: ਗੁਰਿੰਦਰ ਪਾਲ ਸਿੰਘ ਛੀਨਾ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਰੂਪਨਗਰ।

ਉਪਰੋਕਤ ਤੋ ਇਲਾਵਾ ਏ.ਡੀ.ਸੀ ਸਾਹਿਬ ਦੇ ਹੁਕਮਾਂ ਅਨੁਸਾਰ ਮਾਇਨਿੰਗ ਵਿਭਾਗ ਵਲੋਂ ਇੰਜ: ਸੁਖਵਿੰਦਰ ਸਿੰਘ ਕਲਸੀ, ਕਾਰਜਕਾਰੀ ਇੰਜੀਨੀਅਰ-ਕਮ-ਮਾਈਨਿੰਗ ਅਫਸਰ ਅਤੇ ਸੱਤਵਿੰਦਰ ਸਿੰਘ ਕੰਗ, ਖਾਸਤੋਰ ਤੇ ਪ੍ਰੋਸਿਡੀਗ ਦੋਰਾਨ ਹਾਜਰ ਸਨ।

ਜਨਤਕ ਸੁਣਵਾਈ ਦੋਰਾਨ, ਸਭ ਤੋਂ ਪਹਿਲਾਂ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਖੇਤਰੀ ਦਫਤਰ, ਰੂਪਨਗਰ ਨੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਰਾਕੇਸ਼ ਕੁਮਾਰ ਚੋਧਰੀ, ਵਾਸੀ 51 ਬੀ/ਡੀ ਗਾਂਧੀ ਨਗਰ, ਜਿਲਾ ਜੰਮੂ ਵੱਲੋ, 22.47 ਹੈਕਟੇਅਰ ਜਮੀਨ ਜੋ ਕਿ ਪਿੰਡ ਮੇਹੋਨ, ਤਹਿਸੀਲ ਨੰਗਲ, ਜਿਲਾ ਰੂਪਨਗਰ ਦੀ ਰੇਵੀਨਿਯੂ ਐਸਟੇਟ ਵਿੱਚੋ 3,31,537 ਟੀ.ਪੀ.ਏ ਮਾਇਨਿੰਗ ਕਰਨ ਦੀ ਤਜਵੀਜ਼ ਹੈ। ਕੰਪਨੀ ਦੀ ਅਰਜ਼ੀ ਵਿਚਾਰਣ ਉਪਰੰਤ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਨਿਰਧਾਰਿਤ ਤੇ ਵਿਧੀ ਮੁਤਾਬਿਕ ਸਟੇਟ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੇ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਕੰਪਨੀ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਉਹਨਾਂ ਨੇ ਹਾਜਰ ਜਨਤਾ ਨੂੰ ਕੰਪਨੀ ਵਲੋਂ ਉਪਰੋਕਤ ਮਾਇਨਿੰਗ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ

Scanned with CamScanner

ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ (ਪੰਜਾਬੀ ਅਤੇ ਅੰਗਰੇਜੀ) ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਰੂਪਨਗਰ; ਡਿਪਟੀ ਕਮਿਸਨਰ, ਰੂਪਨਗਰ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਰੂਪਨਗਰ; ਕਾਰਜਕਾਰੀ ਇੰਜੀਨੀਅਰ-ਕਮ-ਜਿਲਾ ਮਾਈਨਿੰਗ ਅਫਸਰ, ਰੂਪਨਗਰ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਰੂਪਨਗਰ ਦੇ ਦਫਤਰਾਂ ਵਿੱਚ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬਸਾਈਟ ਉਪਰ ਵੀ ਅਪਲੋਡ ਵੀ ਕੀਤੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਅੱਗੇ ਦੱਸਿਆ ਕਿ ਇਸ ਜਨਤਕ ਸੁਣਵਾਈ ਦਾ ਪਬਲਿਕ ਨੋਟਿਸ ਦੋ ਅਖਬਾਰਾਂ ਭਾਵ ਦੀ ਹਿੰਦੁਸਤਾਨ ਟਾਈਮਜ (ਅੰਗਰੇਜੀ) ਅਤੇ ਰੋਜਾਨਾ ਸਪੋਕਸਮੈਨ (ਪੰਜਾਬੀ) ਮਿਤੀ 05/08/2021 ਨੂੰ ਪ੍ਰਕਾਸਤ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਸਾਰ ਕਿਹੜੇ-ਕਿਹੜੇ ਦਫਤਰਾਂ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਸਾਰੇ ਸੰਬੰਧਤ ਨੂੰ ਇਸ ਦੁਆਰਾ ਸੂਚਿਤ ਕੀਤਾ ਗਿਆ ਸੀ ਕਿ ਉਹ ਪ੍ਰਸਤਾਵਿਤ ਪ੍ਰੋਜੈਕਟ ਤੇ ਲਿਖਿਤ/ਈਮੇਲ/ਨਿੱਜੀ ਤੌਰ ਤੇ ਸੁਝਾਅ, ਵਿਚਾਰ, ਟਿੱਪਣੀਆਂ ਅਤੇ ਇਤਰਾਜ਼ ਜੇਕਰ ਹੋਣ, ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਕੋਲ ਨੋਟਿਸ ਦੀ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-ਅੰਦਰ ਪੇਸ ਕਰਨ ਬਾਰੇ ਵੀ ਕਿਹਾ ਗਿਆ ਸੀ। ਇਸ ਉਪਰੰਤ ਉਹਨਾਂ ਕੰਪਨੀ ਦੇ ਨੁਮਾਇੰਦੇ ਜੋ ਕਿ ਕੰਪਨੀ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਤਜਵੀਜਤ ਮਾਈਨਿੰਗ ਪ੍ਰੋਜੈਕਟ ਪਿੰਡ ਮੇਹੇਨ, ਤਹਿਸੀਲ ਨੰਗਲ, ਜਿਲਾ ਰੂਪਨਗਰ ਦੀ ਰੈਵੀਨਿਯੂ ਐਸਟੇਟ ਵਿੱਚ ਪੈਂਦਾ ਹੈ ਅਤੇ ਇਸ ਨੂੰ 22.47 ਹੈਕਟੇਅਰ ਏਰੀਏ ਵਿੱਚ 3,31,537 ਟੀ.ਪੀ.ਏ ਦੇ ਹਿਸਾਬ ਨਾਲ ਮਾਈਨਿੰਗ ਕਰਨ ਦੀ ਆਗਿਆ ਮਿਲੀ ਹੋਈ ਹੈ। ਪ੍ਰੋਜੈਕਟ ਦੀ ਅਨੁਮਾਨਤ ਲਾਗਤ 4 ਕਰੋੜ ਰੁਪਏ ਹੈ। ਮਾਈਨ ਅਤੇ ਜਿਓਲੋਜੀ ਵਿਭਾਗ ਪੰਜਾਬ ਨੇ 3 ਸਾਲਾਂ ਲਈ ਮਾਈਨਿੰਗ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ। ਮਾਈਨਿੰਗ ਸਾਈਟ ਦਾ ਸਭ ਤੋਂ ਨੇੜਲਾ ਸਹਿਰ ਸ੍ਰੀ ਆਨੰਦਪੁਰ ਸਾਹਿਬ ਜਿਸ ਵਿੱਚ ਕਈ ਹਸਪਤਾਲ, ਵਿਦਿਅਕ ਅਦਾਰੇ ਅਤੇ ਰੇਲਵੇ ਸਟੇਸਨ ਪੈਂਦੇ ਹਨ। ਉਸਨੇ ਅੱਗੇ ਦੱਸਿਆ ਕਿ



Scanned with CamScanner

ਇਹ ਮਾਈਨਿੰਗ ਪ੍ਰੋਜੈਕਟ ਪ੍ਰਦੂਸ਼ਣ ਕੰਟਰੋਲ ਦੇ ਨਿਯਮਾਂ ਅੰਦਰ ਨਹੀਂ ਆਉਂਦਾ ਹੈ ਅਤੇ ਇਹ ਭੂਚਾਲ ਜੋਨ (ਜੋਨ-4) ਵਿੱਚ ਆਉਂਦਾ ਹੈ। ਤਜਵੀਜਤ ਪ੍ਰੋਜੈਕਟ ਦੀ ਈ.ਆਈ.ਏ ਸਟੱਡੀ ਦਸੰਬਰ 2020 ਅਤੇ ਫਰਵਰੀ 2021 ਦੌਰਾਨ ਕੀਤੀ ਸੀ। ਪ੍ਰੋਜੈਕਟ ਸਾਈਟ ਤੇ 7.5 ਕਿਲੋਲੀਟਰ ਪ੍ਰਤੀ ਦਿਨ ਦੇ ਹਿਸਾਬ ਨਾਲ ਪਾਣੀ ਦੀ ਜਰੂਰਤ ਪਵੇਗੀ (ਅਰਥਾਤ ਧੂੜ ਨੂੰ ਰੋਕਣ ਲਈ, ਪੀਣ ਲਈ ਅਤੇ ਪੌਦਿਆਂ ਦੀ ਸਿੰਚਾਈ ਲਈ)। ਕੁਲ 90 ਮਨੁੱਖ ਸਕਤੀ ਦੀ ਜਰੂਰਤ ਹੋਵੇਗੀ। ਕੰਮ ਦੇ ਦਿਨਾਂ ਦੀ ਗਿਣਤੀ ਸਾਲ ਵਿੱਚ 300 ਦਿਨ ਹੋਵੇਗੀ ਜਿਸ ਵਿੱਚ 8 ਘੰਟਿਆਂ ਦੀ ਇੱਕ ਸਿਫਟ ਹੋਵੇਗੀ। ਮਾਈਨਿੰਗ ਖੇਤਰ ਦੀ ਵੱਧ ਤੋ ਵੱਧ ਡੂੰਘਾਈ 3 ਮੀਟਰ ਤੱਕ ਹੋਵੇਗੀ। ਪਾਣੀ ਦੀ ਸਤਾਹ 3-11 ਮੀਟਰ ਹੈ। ਪਾਣੀ ਦਾ ਛਿੜਕਾਅ ਲੋਡਿੰਗ ਪੁਆਇੰਟ/ਸੜਕਾਂ ਆਦਿ ਤੇ ਧੂੜ ਨੂੰ ਰੋਕਣ ਲਈ ਕੀਤਾਂ ਜਾਵੇਗਾ ਅਤੇ ਮਾਲ ਨਾਲ ਭਰੇ ਟਰੱਕਾਂ ਨੂੰ ਤ੍ਰਿਪਾਲ ਨਾਲ ਕਵਰ ਕੀਤਾ ਜਾਵੇਗਾ ਅਤੇ ਓਵਰਲੋਡਿੰਗ ਨੂੰ ਰੋਕਿਆ ਜਾਵੇਗਾ। ਇਹ ਸੁਨਿਸਚਤ ਕੀਤਾ ਜਾਵੇਗਾ ਕਿ ਸਾਰੇ ਟਰਾਂਸਪੋਰਟ ਵਾਹਨਾਂ ਕੋਲ ਵੈਲਿਡ ਪੀ.ਯੂ.ਸੀ. ਸਰਟੀਫਿਕੇਟ ਹੋਵੇ। ਹਰ ਸਾਲ ਨੇੜਲੇ ਸਕੂਲਾਂ, ਗ੍ਰਾਮ ਪੰਚਾਇਤਾਂ ਅਤੇ ਹਸਪਤਾਲਾਂ ਵਿੱਚ ਪ੍ਰਤੀ ਹੈਕਟੇਅਰ 2000 ਬੂਟੇ ਲਗਾਏ ਜਾਣਗੇ। ਵਾਹਨਾਂ ਦੀ ਆਵਾਜਾਈ ਅਤੇ ਲੋਡਿੰਗ ਆਦਿ ਕਾਰਨ ਧੂੜ ਪੈਦਾ ਕਰਨ ਦੇ ਪਰਿਭਾਵਾਂ ਦਾ ਮੁਲਾਂਕਣ ਕਰਨ ਲਈ ਛਿਮਾਹੀ ਨਿਗਰਾਨੀ ਕੀਤੀ ਜਾਵੇਗੀ ਅਤੇ ਪ੍ਰਦੂਸ਼ਣ ਨੂੰ ਘਟਾਉਣ ਦੇ ਯਤਨ ਕੀਤੇ ਜਾਣਗੇ। ਸਤਾਹ ਦੇ ਪਾਣੀ ਦੀ ਗੁਣਵਤਾ ਪ੍ਰਭਾਵਿਤ ਨਹੀਂ ਹੋਵੇਗੀ ਕਿਉਂਕਿ ਨਦੀ ਦੇ ਕਿਨਾਰੇ ਖਣਨ ਕੀਤਾ ਜਾਵੇਗਾ। ਮਾਨਸੂਨ ਸੀਜਨ ਵਿੱਚ ਮਾਈਨਿੰਗ ਨਹੀਂ ਕੀਤੀ ਜਾਵੇਗੀ। ਮਾਈਨਿੰਗ ਪ੍ਰੋਸੈਸ ਵਿੱਚੋ ਕਿਸੇ ਵੀ ਤਰਾਂ ਦਾ ਟਰੇਡ ਐਫੂਲੈਆਊਂਟ ਨਹੀਂ ਨਿਕਲੇਗਾ ਅਤੇ ਸਿਰਫ ਟੁਆਇਲਟਸ ਤੋਂ ਹੀ ਗੰਦਾ ਪਾਣੀ ਨਿਕਲੇਗਾ ਜਿਸ ਲਈ ਸੋਕ ਪਿੱਟ ਦੀ ਵਿਵਸਥਾ ਕੀਤੀ ਹੈ। ਆਵਾਜਾਈ ਟਰਾਂਸਪੋਰਟ ਵਾਹਨਾਂ ਨੂੰ ਗਰੀਸ ਅਤੇ ਮੋਬਾਇਲ ਆਇਲਿੰਗ ਨਿਯਮਤ ਅੰਤਰਾਲੇ ਤੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਕੀਤੀ ਜਾਵੇਗੀ। ਸਾਰੇ ਸੰਚਾਲਕਾਂ ਅਤੇ ਕ੍ਰਮਚਾਰੀਆਂ ਨੂੰ ਸੁਰੱਖਿਅਤ ਉਪਕਰਨ ਪ੍ਰਦਾਨ ਕੀਤੇ ਜਾਣਗੇ । ਸ਼ੋਰ ਦੇ ਪੱਧਰ ਨੂੰ ਘਟਾਉਣ ਲਈ ਕੱਚੀਆਂ ਸੜਕਾਂ ਦੇ ਨਾਲ ਗਰੀਨ ਬੈਲਟ ਵਿਕਸਿਤ ਕੀਤੀ ਜਾਵੇਗੀ । ਸ਼ੋਰ ਦੀ ਨਿਗਰਾਨੀ ਸਮੇ ਸਮੇ ਤੇ ਕੀਤੀ ਜਾਵੇਗੀ। ਮਾਈਨਿੰਗ ਸਾਈਟ ਤੇ ਕੰਮ ਕਰਦੇ ਸਮੇ ਕੋਵਿਡ-19 ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ ਅਤੇ ਮਾਸਕ/ਪੀ.ਪੀ.ਈ ਕਿੱਟਾਂ ਪ੍ਰਦਾਨ ਕੀਤੀ ਜਾਣਗੀਆਂ ਅਤੇ ਸਮਾਜਿਕ ਦੂਰੀ ਦੀ ਪਾਲਣਾ ਵੀ ਕੀਤੀ ਜਾਵੇਗੀ। ਮਾਈਨਿੰਗ 8.89 ਹੈਕਟੇਅਰ ਏਰੀਏ ਵਿੱਚ ਕੀਤੀ ਜਾਵੇਗੀ ਅਤੇ ਬਾਕੀ ਦਾ 4.28 ਹੈਕਟੇਅਰ ਏਰੀਆ ਪ੍ਰੋਟੈਕਸ਼ਨ ਜ਼ੋਨ ਦੇ ਰੂਪ ਵਿੱਚ ਰੱਖਿਆ ਜਾਵੇਗਾ। ਮੈਨੇਜਮੈਂਟ ਐਕਟ ਅਧੀਨ ਬਣਾਏ ਗਏ ਜਰੂਰੀ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ।

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਰੋਪੜ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਇਹ ਵੀ



Scanned with CamScanner

ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋਂ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰ੍ਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1) | ਸ੍ਰੀ ਸੁੱਚਾ ਸਿੰਘ ਖਟੜਾ, ਸਾਬਕਾ ਸਰਪੰਚ, ਵਾਸ਼ੀ ਪਿੰਡ ਮਹੇਨ, ਜ਼ਿਲ੍ਹਾ ਰੂਪਨਗਰ | ਉਹ ਜਾਣਨਾ ਚਾਹੁੰਦੇ ਸਨ ਕਿ ਕੰਪਨੀ ਨੇ ਅਤੀਤ ਵਿੱਚ ਕਿੱਥੇ ਰੁੱਖ ਲਗਾਏ ਹਨ ਜਿਵੇਂ ਕਿ ਸਲਾਹਕਾਰ ਨੇ ਆਪਣੀ ਪੇਸ਼ਕਾਰੀ ਵਿੱਚ ਦੱਸਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਨੇੜਲੇ ਇਲਾਕਿਆਂ ਵਿੱਚ ਅਜੇ ਵੀ ਮਾਈਨਿੰਗ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿੰਡ ਦਾ ਪਾਣੀ ਦਾ ਪੱਧਰ ਹੇਠਾ ਚਲਾ ਗਿਆ ਹੈ ਅਤੇ ਟਿਓਬਵੇਲ ਦੀ ਸਥਾਪਨਾ ਵਿੱਚ ਖਰਚੇ ਗਏ ਲੱਖਾਂ ਰੁਪਏ ਵਿਅਰਥ ਗਏ ਹਨ।<br>ਉਨ੍ਹਾਂ ਇਹ ਵੀ ਕਿਹਾ ਕਿ ਪ੍ਰਸਤਾਵਿਤ ਮਾਈਨਿੰਗ ਸਾਈਟ ਵਿੱਚ ਪਸ਼ੂ ਹਸਪਤਾਲ ਅਤੇ ਕਮਿਉਨੀਟੀ ਸੈਂਟਰ ਸ਼ਾਮਲ ਹਨ। ਪਿੰਡ ਪਹਿਲਾਂ ਹੀ ਮਾਈਨਿੰਗ ਸਾਈਟ ਤੋਂ ਮਾਈਨਿੰਗ ਦਾ ਵਿਰੋਧ ਕਰਨ ਦਾ ਮਤਾ ਪਾਸ ਕਰ ਚੁੱਕਾ | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਜਵਾਬ ਦਿੱਤਾ ਕਿ 4.28 ਹੈਕਟੇਅਰ ਨੂੰ ਬਫਰ/ਸੁਰੱਖਿਆ ਜ਼ੋਨ ਵਜੋਂ ਰੱਖਿਆ ਜਾਵੇਗਾ ਅਤੇ ਕਿਸੇ ਵੀ ਮੌਜੂਦਾ ਇਮਾਰਤ ਨੂੰ ਮਾਈਨਿੰਗ ਗਤੀਵਿਧੀਆਂ ਦੁਆਰਾ ਪ੍ਰਭਾਵਤ ਨਹੀਂ ਕੀਤਾ ਜਾਵੇਗਾ । ਇਸ ਤੋਂ ਇਲਾਵਾ, ਉਸਨੇ ਇਹ ਸੁਨਿਸ਼ਚਿਤ ਕੀਤਾ ਕਿ ਮਾਈਨਿੰਗ ਅਤੇ ਜਿਉਲੋਜੀ ਵਿਭਾਗ ਦੁਆਰਾ ਨਿਰਧਾਰਤ ਨਿਯਮਾਂ ਅਨੁਸਾਰ ਮਾਈਨਿੰਗ ਕੀਤੀ ਜਾਵੇਗੀ। |

੪



Scanned with CamScanner

| | | | |
|---|---|---|---|
| | | ਹੈ। ਇਸ ਤੋਂ ਇਲਾਵਾ, ਪਿੰਡ ਵਿੱਚ ਪਹਿਲਾਂ ਹੀ ਮੰਦਰ ਅਤੇ ਮਸਜਿਦ ਚੰਗੀ ਹਾਲਤ ਵਿੱਚ ਹੈ ਅਤੇ ਉਹ ਪ੍ਰਸਤਾਵਿਤ ਮਾਈਨਿੰਗ ਸਾਈਟ ਦੇ ਠੇਕੇਦਾਰ ਤੋਂ ਕੁਝ ਨਹੀਂ ਚਾਹੁੰਦੇ ਹਨ। | |
| 2) | ਸ੍ਰੀ ਸ਼ਿਵ ਕੁਮਾਰ, ਰਿਪੋਰਟਰ, ਪਿੰਡ ਮਹੇਨ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ | ਉਨ੍ਹਾਂ ਦੱਸਿਆ ਕਿ ਖੁਦਾਈ ਕਾਰਨ ਖੂਹ ਵਿੱਚ ਪਾਣੀ ਦਾ ਪੱਧਰ ਹੇਠਾਂ ਚਲਾ ਗਿਆ ਹੈ ਅਤੇ ਉਹ ਸੁੱਕ ਗਏ ਹਨ। ਉਹਨਾ ਅੱਗੇ ਚੇਤਾਵਨੀ ਦਿੰਦੇ ਹੋਏ ਦਸਿਆ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਕਮੀ ਹੋ ਜਾਵੇਗੀ। ਇਸ ਤਰ੍ਹਾਂ, ਜ਼ੋਰ ਦਿੰਦੇ ਕਿਹਾ ਕਿ ਮਾਈਨਿੰਗ ਪੂਰੀ ਤਰ੍ਹਾਂ ਰੋਕ ਦਿਤੀ ਜਾਵੇ। | ਵਾਤਾਵਰਣ ਸਲਾਹਕਾਰ ਨੇ ਜਵਾਬ ਦਿੱਤਾ ਕਿ ਮਾਈਨਿੰਗ ਗਤੀਵਿਧੀਆਂ ਨਾਲ ਪਾਣੀ ਦੇ ਪੱਧਰ'ਤੇ ਪ੍ਰਭਾਵਤ ਨਹੀਂ ਆਵੇਗਾ ਕਿਉਂਕਿ ਪ੍ਰਸਤਾਵਿਤ ਸਾਈਟ ਤੇ ਮਾਈਨਿੰਗ ਸਿਰਫ 3 ਮੀਟਰ ਤੱਕ ਕੀਤੀ ਜਾਏਗੀ। |
| 3 | ਸ੍ਰੀ ਗੁਰਮੀਤ ਸਿੰਘ ਡੇਰ, ਪਿੰਡ ਡੇਰ, ਜ਼ਿਲ੍ਹਾ ਰੂਪਨਗਰ | ਉਸਨੇ ਦੱਸਿਆ ਕਿ ਉਹ ਨਾਲ ਲਗਦੇ ਪਿੰਡ ਡੇਰ ਦਾ ਵਾਸੀ ਹੈ ਜੋ ਕਿ ਪਿੰਡ ਮੇਹੈਨ ਤੋਂ ਲਗਭਗ 1 ਕਿਲੋਮੀਟਰ ਦੀ ਦੂਰੀ ਤੇ ਹੈ। ਅੱਗੇ ਉਹਨਾ ਨੇ ਕਿਹਾ ਕਿ ਸਰਕਾਰ 4 1/2 ਸਾਲਾਂ ਬਾਅਦ ਹੁਣ ਲੋਕਾਂ ਤੋਂ ਖੇਤਰ ਵਿੱਚ ਮਾਈਨਿੰਗ ਗਤੀਵਿਧੀਆਂ ਬਾਰੇ ਸਹਿਮਤੀ ਬਾਰੇ ਪੁੱਛ ਰਹੀ ਹੈ, ਜੇਕਰ ਉਨ੍ਹਾਂ ਨੇ ਪਹਿਲਾਂ ਪੁੱਛਿਆ ਹੁੰਦਾ ਤਾਂ ਮੇਰੇ ਤੋਂ ਪਹਿਲਾਂ ਸਪੀਕਰਾਂ ਦੁਆਰਾ ਦੱਸੀਆਂ ਵੱਖ -ਵੱਖ ਸਮੱਸਿਆਵਾਂ ਤੋਂ ਖੇਤਰ ਨੂੰ ਬਚਾਇਆ ਜਾ ਸਕਦਾ ਸੀ। | ਵਾਤਾਵਰਣ ਸਲਾਹਕਾਰ ਨੇ ਸਮਝਾਇਆ ਕਿ ਜਨਤਕ ਸੁਣਵਾਈ ਵਾਤਾਵਰਣ ਕਲੀਅਰੈਂਸ ਦਾ ਇੱਕ ਹਿੱਸਾ ਹੈ, ਜੋ ਕਿ ਈਆਈਏ ਨੋਟੀਫਿਕੇਸ਼ਨ 14.09.2006 ਦੇ ਉਪਬੰਧਾਂ ਦੇ ਅਨੁਸਾਰ ਹੋ ਰਹੀ ਹੈ। |
| 4 | ਸ੍ਰੀ ਅਵਤਾਰ ਸਿੰਘ, ਪਿੰਡ ਮਹੇਨ, ਤਹਿਸੀਲ ਸ੍ਰੀ | ਉਨ੍ਹਾਂ ਦੱਸਿਆ ਕਿ ਜਿਵੇਂ ਕਿ ਪ੍ਰਸਤਾਵਿਤ ਮਾਈਨਿੰਗ ਸਾਈਟ ਦੇ ਵਿਰੁੱਧ ਪਹਿਲਾਂ ਹੀ ਪਿੰਡ ਪੱਧਰ'ਤੇ | ਪਿੰਡ ਦੇ ਸਰਪੰਚ ਨੇ ਜਨਤਕ ਸੁਣਵਾਈ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਇੱਕ ਮੈਮੋਰੰਡਮ ਸੌਂਪਿਆ (ਕਾਪੀ |



Scanned with CamScanner

| | | | |
|---|---|---|---|
| | ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ | ਮਤਾ ਪਾਸ ਕੀਤਾ ਜਾ ਚੁੱਕਾ ਹੈ। ਅਸੀਂ ਸਾਰੇ ਪ੍ਰਸਤਾਵਿਤ ਸਾਈਟ ਤੋਂ ਮਾਈਨਿੰਗ ਦਾ ਵਿਰੋਧ ਕਰਦੇ ਹਾਂ। (ਕਾਪੀ ਨੱਥੀ) | ਅਨੁਲੱਗ-ਏ ਅਨੁਸਾਰ ਨੱਥੀ ਹੈ) ਜਿਸ ਵਿੱਚ ਇਹ ਲਿਖਿਆ ਗਿਆ ਹੈ ਕਿ ਪਿੰਡ ਦੀ ਪੰਚਾਇਤ ਨੇ ਇਸ ਮਾਈਨਿੰਗ ਸਾਈਟ ਨੂੰ ਮਾਈਨਿੰਗ ਬਾਹਰ ਕੱਢਣ ਲਈ ਇੱਕ ਮਤਾ ਪਾਸ ਕੀਤਾ ਹੈ ਕਿਉਂਕਿ ਪਿੰਡ ਦੀ ਆਬਾਦੀ ਇਸ ਮਾਈਨਿੰਗ ਏਰੀਏ ਦੇ ਬਹੁਤ ਨਜਦੀਕ ਹੈ ਅਤੇ ਉਪਜਾਊ ਖੇਤੀ ਵੀ ਬਰਬਾਦ ਹੋ ਜਾਵੇਗੀ ਅਤੇ ਬੇਨਤੀ ਕੀਤੀ ਕਿ ਪਿੰਡ ਦੇ ਸਾਰੇ ਏਰੀਏ ਨੂੰ ਮਾਈਨਿੰਗ ਤੋਂ ਬਾਹਰ ਕੱਢਿਆ ਜਾਵੇ। |
| 5. | ਸ੍ਰੀ ਟਿੱਕਾ ਯਸ਼ਵੀਰ ਸਿੰਘ, ਇਲਾਕਾ ਸੰਘਰਸ਼ ਸਮਿਤੀ, ਪਿੰਡ ਭੱਲਣ, ਜ਼ਿਲ੍ਹਾ ਰੂਪਨਗਰ | ਉਸਨੇ ਤਜਵੀਜਤ ਸਾਈਟ ਤੋਂ ਮਾਈਨਿੰਗ ਕਰਨ ਦਾ ਵਿਰੋਧ ਕੀਤਾ ਕਿਉਂਕਿ ਜੇਕਰ ਇਸ ਸਾਈਟ ਉਪਰ ਮਾਈਨਿੰਗ ਹੁੰਦੀ ਹੈ ਤਾਂ ਇੱਥੇ ਹੜਾਂ ਦੇ ਅਤੇ ਮਿੱਟੀ ਖਿਸਕਣ ਦੀ ਬਹੁਤ ਸੰਭਾਵਨਾ ਹੈ । ਉਸਨੇ ਇਹ ਵੀ ਕਿਹਾ ਕਿ ਉਹਨਾਂ ਵਲੋ ਪਹਿਲਾਂ ਹੀ ਮਾਨਯੋਗ ਹਾਈਕੋਰਟ ਵਿੱਚ ਕੇਸ ਪਾਇਆ ਜਾ ਚੁੱਕਾ ਹੈ। ਉਸਨੇ ਅੱਗੇ ਕਿਹਾ ਕਿ ਨੇੜਲੇ ਪਿੰਡਾਂ ਵਿੱਚੋਂ ਮਾਈਨਿੰਗ ਕੀਤੀ ਗਈ ਸੀ ਜਿਸ ਕਾਰਨ ਨੇੜੇ ਦੇ ਏਰੀਏ ਦੀ ਜਮੀਨ ਹੜ ਗਈ ਸੀ। ਇੱਥੇ ਇੱਕ ਪੁੱਲ ਲੱਗਿਆ ਹੋਇਆ ਸੀ ਪਰ ਉਹ ਮਾਈਨਿੰਗ ਕਾਰਨ ਢਹਿ ਗਿਆ। ਕੰਪਨੀ ਵਲੋ ਪਹਿਲਾਂ ਹੀ ਨੇੜੇ ਦੇ ਪਿੰਡ ਦੇ ਏਰੀਏ ਵਿੱਚੋ 3 ਮਿਟਰ ਮਾਈਨਿੰਗ ਦੀ ਬਜਾਏ 10 ਮਿਟਰ ਕੀਤੀ ਗਈ ਹੈ। ਇਸ ਕਰਕੇ ਉਹ ਇਸ ਸਾਈਟ ਵਿੱਚੋ ਮਾਈਨਿੰਗ ਕਰਨ ਦੇ ਵਿਰੋਧ ਵਿੱਚ ਹੈ। | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਜਵਾਬ ਦਿੱਤਾ ਕਿ ਆਉਣ ਵਾਲੀ ਮਾਈਨਿੰਗ ਸਾਈਟ ਦੁਆਰਾ ਪਿੰਡ ਦੇ ਲੋਕਾਂ ਨੂੰ ਨੌਕਰੀਆਂ ਮਿਲਣਗੀਆਂ ਕਿਉਂਕਿ ਇੱਥੇ 90 ਵਿਅਕਤੀਆਂ ਦੇ ਰੁਜ਼ਗਾਰ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ, ਸਾਰੀ ਮਾਈਨਿੰਗ ਗਤੀਵਿਧੀਆ ਮਾਇਨਿੰਗ ਅਤੇ ਜਿਉਲੋਜੀ ਵਿਭਾਗ ਦੁਆਰਾ ਨਿਰਧਾਰਤ ਨਿਯਮਾਂ ਅਨੁਸਾਰ ਕੀਤੀਆ ਜਾਣ ਗਿਆ। |



Scanned with CamScanner

ਇੱਥੇ ਇਹ ਵੀ ਸ਼ਾਮਲ ਕੀਤਾ ਜਾਂਦਾ ਹੈ ਕਿ ਸੁਣਵਾਈ ਦੌਰਾਨ ਮੌਜੂਦ ਕੁਝ ਵਿਅਕਤੀਆਂ ਨੇ ਕਿਸਾਨਾਂ ਦੁਆਰਾ ਖੇਤ ਕਾਨੂੰਨਾਂ ਦੇ ਵਿਰੁੱਧ ਅੰਦੋਲਨ ਦਾ ਮੁੱਦਾ ਵੀ ਉਠਾਇਆ ਅਤੇ ਉਨ੍ਹਾਂ ਨੇ ਮੌਜੂਦਾ ਮਾਈਨਿੰਗ ਸਾਈਟ ਦੀ ਪ੍ਰਵਾਨਗੀ ਤੋਂ ਪਹਿਲਾਂ ਉਪਰੋਕਤ ਮੁੱਦੇ ਨੂੰ ਹੱਲ ਕਰਨ ਲਈ ਕਿਹਾ।

ਇਸ ਤੋਂ ਬਾਅਦ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਰੂਪਨਗਰ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਅਤੇ ਇਤਰਾਜ ਪ੍ਰਗਟ ਕਰਨ ਚਾਹੰਦਾ ਹੋਵੇ ਤਾਂ ਲੈ ਸਕਦਾ/ਕਰ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਪ੍ਰੋਜੈਕਟ ਦਾ ਸਮਰਥਨ ਕਰਦੇ ਹਨ, ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ। ਇਸ ਤੋ ਬਾਅਦ ਉਹਨਾਂ ਕਿਹਾ ਗਿਆ ਕਿ ਜੋ ਵੀ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਤਕਰੀਬਨ ਸਾਰੇ ਵਿਅਕਤੀਆਂ ਨੇ ਹੱਥ ਖੜਾ ਕਰਕੇ ਪ੍ਰੋਜੈਕਟ ਦਾ ਵਿਰੋਧ ਕੀਤਾ। ਇਸ ਜਨਤਕ ਸੁਣਵਾਈ ਵਿੱਚ 58 ਵਿਅਕਤੀਆਂ ਨੇ ਹਿੱਸਾ ਲਿਆ।

ਜਨਤਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

ਨੱਥੀ- ਪ੍ਰਚਾਇਤ ਦਾ ਮਤਾ ਅਤੇ ਹਾਜਰੀ ਰਜਿਸਟਰ ਦੀ ਕਾਪੀ।

(ਹਰਿੰਦਰ ਪਾਲ ਸਿੰਘ ਛੀਨਾ)
ਸਹਾਇਕ ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਰੂਪਨਗਰ

(ਸ੍ਰੀ ਸੰਜੀਵ ਸ਼ਰਮਾ),
ਵਧੀਕ ਡਿਪਟੀ ਕਮਿਸ਼ਨਰ (ਯੂ),
ਰੂਪਨਗਰ



Scanned with CamScanner